# ਸੁਖਮਨੀ ਸਾਹਿਬ ਦਾ ਰਚਨਾ ਪ੍ਰਬੰਧ

**ਡਾ. ਲੱਕੀ ਸ਼ਰਮਾ**

ਸੁਖਮਨੀ ਸਾਹਿਬ ਗੁਰੂ ਅਰਜਨ ਦੇਵ ਜੀ ਰਚਿਤ ਇਕ ਬੜਾ ਹੀ ਕਾਮਯਾਬ ਤੇ ਲੰਬੇਰਾ ਨਿਬੰਧ-ਕਾਵਿ ਹੈ।ਇਸ ਨੂੰ ਪੰਜਾਬੀ ਸਾਹਿਤ ਵਿਚ ਕਵਿਤਾ ਦਾ ਸਿਖਰ ਹੋਣ ਦਾ ਮਾਣ ਵੀ ਪ੍ਰਾਪਤ ਹੈ। ਜਿਥੇ ਰੂਪ-ਪ੍ਰਬੰਧ ਪੱਖੋਂ ਇਸ ਰਚਨਾ ਦਾ ਕੋਈ ਸਾਨੀ ਨਹੀਂ, ਉਥੇ ਵਿਸ਼ੇ ਪੱਖੋ ਵੀ ਇਹ ਰਚਨਾ ਬਹੁਤ ਮਹਾਨ ਹੈ। ਇਹ ਅਸਲ ਵਿਚ 'ਧੁਰ ਦੀ ਬਾਣੀ' ਹੈ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਸਕ ਹਿਰਦੇ ਵਿਚੋਂ ਆਪ-ਮੁਹਾਰੇ ਫੁੱਟ ਕੇ ਕਵਿਤਾ ਦਾ ਜਾਮਾ ਪਹਿਨੇ ਸਾਹਮਣੇ ਆਉਂਦੀ ਹੈ।

ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਸ਼ਬਦਾਂ ਵਿਚ[A], "ਸੁਖਮਨੀ ਨੂੰ ਪੰਜਾਬੀ ਸਾਹਿਤ ਦਾ ਅਤਿ ਸ਼ਰੇਸ਼ਟ ਪ੍ਰਬੰਧ-ਕਾਵਿ ਅਤੇ ਕਵਿਤਾ ਦਾ ਸਿਖਰ ਆਖਿਆ ਜਾ ਸਕਦਾ ਹੈ। ਏਨੇ ਵਿਸਥਾਰ-ਪੂਰਵਕ, ਬੌਧਿਕ ਤੇ ਦਾਰਸ਼ਨਿਕ ਵਿਸ਼ੇ ਦਾ ਨਿਭਾ ਜਿਸ ਢੰਗ ਨਾਲ ਕੀਤਾ ਗਿਆ ਹੈ, ਉਹ ਆਪਣੀ ਮਿਸਾਲ ਆਪ ਹੈ। ਇਸ ਨੂੰ ਪੰਜਾਬੀ ਸਾਹਿਤ ਦੀ ਕਲਾਸੀਕਲ ਰਚਨਾ ਕਿਹਾ ਜਾ ਸਕਦਾ ਹੈ ਅਤੇ ਅਧਿਆਤਮਕ ਪ੍ਰਸੰਗ ਵਿਚ ਪੰਜਾਬੀ ਸਾਹਿਤ ਦੀ ਇਹ, ਸੰਸਾਰ ਭਰ ਦੇ ਸਾਹਿਤ ਨੂੰ ਵੱਡੀ ਦੇਣ ਹੈ।"

ਮੱਧਕਾਲ ਦੇ ਸਮੇਂ ਵਿਚ ਪੰਜਾਬੀ ਵਿਚ ਕਈ ਨਿਬੰਧ-ਕਾਵਿ ਰਚੇ ਗਏ। ਨਿਬੰਧ-ਕਾਵਿ ਉਹ ਕਾਵਿ-ਰਚਨਾ ਹੁੰਦੀ ਹੈ ਜਿਸ ਵਿਚ ਵਿਚਾਰ ਜੰਜੀਰਾਂ ਦੀਆਂ ਕੜੀਆਂ ਵਾਂਗ ਜੁੜੇ ਹੋਏ ਅੱਗੇ ਤੁਰਦੇ ਹਨ। ਇਸ ਵਿਚ ਇਤਿਹਾਸ ਜਾਂ ਮਿਥਿਹਾਸ ਦਾ ਕੋਈ ਸਥਾਨ ਨਹੀਂ ਹੁੰਦਾ। ਪਾਤਰ ਜਾਂ ਕਹਾਣੀ ਵਿਸ਼ੇਸ਼ ਵੀ ਨਹੀਂ ਹੁੰਦੀ।ਵਿਸ਼ਾ ਵਿਸ਼ੇਸ਼ ਸਰੋਦੀ ਹੁੰਦਾ ਹੈ ਤੇ ਵੱਖ-ਵੱਖ ਨੁਕਤਿਆਂ ਰਾਹੀਂ ਉਸ ਵਿਸ਼ੇ ਤੇ ਰੌਸ਼ਨੀ ਪਾਈ ਜਾਂਦੀ ਹੈ ਪਰ ਉਸ ਤੋਂ ਕਦੇ ਵੀ ਦੂਰ ਨਹੀਂ ਜਾਇਆ ਜਾਂਦਾ। ਕਈ

---

[A] ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪ੍ਰੋ ਕਿਰਪਾਲ ਸਿੰਘ ਤੇ ਪਰਮਿੰਦਰ ਸਿੰਘ ਪੰਨਾ- 217

ਵਿਦਵਾਨਾਂ ਨੇ ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਿਬੰਧ-ਕਾਵਿ ਕਿਹਾ ਹੈ ਕਿਉਂਕਿ ਇਹ ਸਾਰੀ ਰਚਨਾ ਇਕ ਹੀ ਵਿਸ਼ੇ ਬ੍ਰਹਮ ਦੇ ਸਰੂਪ ਅਤੇ ਉਸ ਦੀ ਪ੍ਰਾਪਤੀ ਦੇ ਦੁਆਲੇ ਘੁੰਮਦੀ ਹੈ।

ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ, ਸੁਖਮਨੀ ਇਕ ਅਜਿਹੀ ਰਚਨਾ ਹੈ ਜਿਹੜੀ ਨਿਬੰਧ-ਕਾਵਿ ਰੂਪ ਹੈ। ਇਹ ਰਚਨਾ ਇਕ ਹੀ ਵਿਸ਼ੇ ਪਰਮ ਸੁੱਖ ਦਾ ਸੰਕਲਪ ਅਤੇ ਉਸ ਦੀ ਪ੍ਰਾਪਤੀ ਦੇ ਸਾਧਨਾਂ ਦੀ ਵਿਆਖਿਆ ਕਰਦੀ ਹੈ।

ਸੁਖਮਨੀ ਵਿਚ 24 ਅਸ਼ਟਪਦੀਆਂ ਤੇ 24 ਸਲੋਕ ਹਨ। ਇਕ ਇਕ ਸਲੋਕ ਇਕ ਇਕ ਅਸ਼ਟਪਦੀ ਦੇ ਪਹਿਲਾਂ ਹੈ। ਹਰ ਸਲੋਕ ਦੀ ਵਿਆਖਿਆ ਉਸ ਤੋਂ ਬਾਅਦ ਅੰਕਿਤ ਅਸ਼ਟਪਦੀ ਵਿਚ ਹੈ। ਉਂਜ ਤਾਂ ਅਸ਼ਟਪਦੀ ਦੇ ਮੁੱਢ ਵਿਚ ਆਇਆ ਸਲੋਕ ਮੰਗਲਾਚਰਨ ਦੇ ਰੂਪ ਵਿਚ ਲਿਆ ਜਾ ਸਕਦਾ ਹੈ।

ਪਰ ਇਸ ਰਚਨਾ ਦਾ ਪਹਿਲਾ ਸਲੋਕ ਆਪਣੇ ਵਿਸ਼ੇਸ਼ ਅਰਥਾਂ ਵਿਚ ਪ੍ਰਸਤਾਵਨਾ ਦਾ ਸੂਚਕ ਹੈ। ਇਨ੍ਹਾਂ ਸਲੋਕ ਵੱਖਰਾ ਹੈ ਜੋ ਸੂਤਕ ਤੋਲ ਵਿਚ ਹੈ। ਕੁਝ ਚਿੰਤਕਾਂ ਦਾ ਵਿਚਾਰ ਹੈ ਕਿ ਗੁਰੂ ਜੀ ਨੇ ਰਚਨਾ ਦੇ ਆਰੰਭ ਵਿਚ ਮੰਗਲਾਚਰਨ ਦੇ ਰੂਪ ਆਪਣੇ ਤੋਂ ਪਹਿਲਾਂ ਹੋ ਚੁੱਕੇ ਗੁਰੂ ਸਾਹਿਬ ਨੂੰ ਸਤਿਕਾਰ ਵੱਜੋਂ ਨਮਸਕਾਰ ਭੇਟ ਕੀਤੀ ਹੈ। ਇਹ ਵਿਚਾਰ ਪ੍ਰੋ. ਸਾਹਿਬ ਸਿੰਘ ਅਨੁਸਾਰ[A] ਸ਼ੁੱਧ ਨਹੀਂ ਤੇ ਇਹ ਕੇਵਲ ਉਨ੍ਹਾਂ ਚਿੰਤਕਾਂ ਦੀ ਧਾਰਮਿਕ ਸ਼ਰਧਾ ਤੇ ਉਚੇਚ ਦਾ ਲਖਾਇਕ ਹੈ। ਇਸ ਮਹਾਨ ਗੁਰੂ ਕਵੀ ਦਾ ਆਸ਼ਾ ਅਸਲ ਪਰਮਾਤਮਾ ਦੀ ਉਸਤਤ ਮੰਗਲਾਚਰਨ ਦੇ ਰੂਪ ਵਿਚ ਕਰਨਾ ਹੀ ਸਿੱਧ ਹੁੰਦਾ ਹੈ।

ਪ੍ਰਕਾਸ਼ ਸਿੰਘ ਦੇ ਸ਼ਬਦਾਂ ਵਿਚ, "ਇੰਜ ਕਿਹਾ ਜਾ ਸਕਦਾ ਹੈ ਕਿ ਇਹ ਨਿੱਕੇ-ਨਿੱਕੇ ਚੌਵੀ ਨਿਬੰਧਾਂ ਦਾ ਇਕੱਠੇ ਰੂਪ ਵਿਚ ਇਕ ਲੰਬੇਰਾ ਨਿਬੰਧ ਹੈ। ਹਰ ਅਸਟਪਦੀ ਵਿਚ ਇਕ ਖਿਆਲ ਅੰਕਿਤ ਹੈ ਤੇ ਹਰ ਅਸ਼ਟਪਦੀ ਇੱਕ ਨਿੱਕਾ ਨਿਬੰਧ-ਕਾਵਿ ਜਾਪਦੀ ਹੈ। ਪਰ ਵੱਖ-ਵੱਖ ਅਸ਼ਟਪਦੀਆਂ ਦੇ ਖਿਆਲ ਇਕ ਦੂਜੇ ਨਾਲ ਲੜੀਵਾਰ ਪਰੁਤੇ ਹੋਏ ਹਨ।"[B]

ਗੁਰੂ ਅਰਜਨ ਦੇਵ ਜੀ ਦਾ ਸਿਧਾਂਤ ਇਹ ਹੈ ਕਿ ਮਨ ਤੇ ਬੁੱਧੀ ਦਾ ਸੰਘਰਸ਼, ਮਨੁੱਖੀ ਸਮਾਜ ਦੇ ਆਪੋ ਵਿਚ ਖਹਿ-ਖਹਿ ਮਰਨ ਤੇ ਨਿੱਤ ਦੇ ਯੁੱਧਾਂ ਲੜਾਈਆਂ ਦੇ ਕਾਰਨ ਇਨਸਾਨੀ

---

[A] ਗੁਰਮਤਿ ਸਾਹਿਤ , ਪੰਨਾ - 51
[B] ਗੁਰਬਾਣੀ ਚਿੰਤਨ, ਪੰਨਾ - 107

ਮਨ ਤੇ ਆਤਮਾ ਦੇ ਸੰਸਕਾਰਾਂ ਵਿਚ ਲੁਕਿਆ ਹੋਇਆ ਹੈ। ਜਿਤਨਾ ਚਿਰ ਅਚੇਤ ਮਨ ਦੀਆਂ ਰੁਚੀਆਂ ਤੇ ਕਾਬੂ ਪਾ ਕੇ ਆਤਮਾ ਦੀਆਂ ਡੂੰਘਾਈਆਂ ਵਿਚ ਪਰਿਵਰਤਨ ਨਹੀਂ ਲਿਆਇਆ ਜਾਂਦਾ, ਉਤਨਾ ਚਿਰ ਬਾਹਰਲੀਆਂ ਮਾਦੀ ਹਾਲਤਾਂ ਵਿਚ ਕੋਈ ਤਬਦੀਲੀ ਮਨੁੱਖ ਲਈ ਅਮਨ ਤੇ ਸ਼ਾਂਤੀ ਦਾ ਸੂਚਕ ਨਹੀਂ ਹੋ ਸਕਦੀ, ਜਿਸ ਅਮਨ ਤੇ ਸ਼ਾਂਤੀ ਤੋਂ ਬਿਨਾਂ ਮਨੁੱਖ ਦੇ ਅਵਸਥਾ ਤੇ ਪਹੁੰਚ ਸਕੇ ਜਿਸ ਨੂੰ ਕਿ ਪਾਰਗਾਮੀ ਮਨੁੱਖੀ ਮੰਡਲ ਕਿਹਾ ਜਾ ਸਕੇ।



ਡਾ. ਦੀਵਾਨ ਸਿੰਘ ਇਸ ਸੰਬੰਧ ਵਿਚ ਲਿਖਦੇ ਹਨ, "ਇਸੇ ਕਰਕੇ ਗੁਰੂ ਅਰਜਨ ਸਾਹਿਬ ਦਾ ਆਸ਼ਾ ਸਰਲਤਾ ਤੇ ਸੁੱਖਨਤਾ ਨੂੰ ਮੁੱਖ ਰੱਖਦੇ ਹੋਏ ਹਰ ਅਸ਼ਟਪਦੀ ਵਿਚ ਇਕ ਨਵਾਂ ਤੇ ਵੱਖਰਾ ਵਿਚਾਰ ਦੇਣ ਦਾ ਸੀ। ਇਹੋ ਕਾਰਨ ਹੈ ਕਿ ਹਰ ਅਸ਼ਟਪਦੀ ਦਾ ਵਿਸ਼ਾ ਸੂਖਮ ਰੂਪ ਵਿਚ ਅੱਡਰਾ ਹੈ। ਇਹ ਵਿਸ਼ੇ ਦੀ ਵੰਡ ਜਾਂ ਵਰਗੀਕਰਨ ਗੁਰੂ ਜੀ ਦੇ ਵਿਸ਼ਾਲ ਗਿਆਨ, ਸਾਰਥਕ ਤੇ ਪਰਿਪੱਖ ਕਲਾ ਕੌਸ਼ਲਤਾ ਦਾ ਇਕ ਨਿੱਗਰ ਪ੍ਰਮਾਣ ਹੈ।"[A]

ਸੁਖਮਨੀ ਦਾ ਮੁੱਖ ਵਿਸ਼ਾ ਹੈ-ਪਰਮ ਸੁੱਖ ਦੀ ਪ੍ਰਾਪਤੀ। ਇਹ ਸੁੱਖ ਪ੍ਰਾਪਤ ਕਰਨ ਲਈ ਮਨੁੱਖ ਨੂੰ ਆਪਣਾ ਮਨ ਦੁਨਿਆਵੀਂ ਵਸਤਾਂ ਤੋਂ ਹਟਾ ਕੇ ਪਰਮ ਸੱਤ ਵੱਲ ਲਾਉਣਾ ਪੈਂਦਾ ਹੈ ਕਿਉਂਕਿ ਪਰਮ ਸੱਤ ਹੀ ਪਰਮ ਸੁੱਖ ਦਾ ਸੋਮਾ ਹੋ ਸਕਦਾ ਹੈ। ਇਹੀ ਗੁਰਮਤਿ ਜਾਂ ਸਿੱਖੀ ਮਤ ਦੇ ਪ੍ਰਚਾਰ ਦਾ ਕੇਂਦਰੀ ਨੁਕਤਾ ਵੀ ਹੈ। ਇਸੇ ਨੂੰ ਸੁਖਮਨੀ ਨਿਬੰਧ-ਕਾਵਿ ਵਿਚ ਪੇਸ਼ ਕੀਤਾ ਗਿਆ ਹੈ।

ਆਪਣਾ ਮਨ ਦੁਨਿਆਵੀ ਪੱਧਰ ਦੀ ਥਾਂ ਤੇ ਉੱਚ ਅਧਿਆਤਮਿਕ ਪੱਧਰ ਵੱਲ ਲਾਉਣਾ ਦਾ ਇਕ ਹੀ ਸਾਧਨ ਹੈ- ਨਾਮ ਸਿਮਰਨ।ਨਾਮ ਸਿਮਰਨ ਨਾਲ ਮਨੁੱਖ ਆਤਮਕ ਤੌਰ ਤੇ ਬਲਵਾਨ ਹੁੰਦਾ ਹੈ। ਉਹ ਦੁਨਿਆਵੀ ਮੁਸ਼ਕਲਾਂ ਦਾ ਮੁਕਾਬਲਾ ਵਧੇਰੇ ਬਹਾਦਰੀ ਨਾਲ ਕਰ ਸਕਦਾ ਹੈ। ਆਪਣੇ ਵਿਕਾਰਾਂ ਪ੍ਰਤੀ ਸੁਚੇਤ ਰਹਿੰਦਾ ਹੈ। ਉਸ ਨੂੰ ਕਿਸੇ ਪ੍ਰਕਾਰ ਦਾ ਦੁੱਖ ਜਾਂ ਡਰ ਵਿਆਕੁਲ ਨਹੀਂ ਕਰਦਾ।

ਇਸ ਸੰਬੰਧ ਵਿਚ ਸੰਤ ਸਿੰਘ ਸੇਖੋਂ ਲਿਖਦੇ ਹਨ, "ਸੁਖਮਨੀ ਦੇ ਵਸਤੂ ਦਾ ਆਰੰਭ ਸਿਮਰਨ ਦੀ ਵਡਿਆਈ ਨਾਲ ਹੁੰਦਾ ਹੈ। ਸਿਮਰਨਾ ਕਿਸ ਨੂੰ ਹੈ, ਇਸ ਬਾਰੇ ਕੋਈ ਭੁਲੇਖੇ ਦੀ ਗੁੰਜਾਇਸ਼ ਨਹੀਂ ਵੇਖੀ ਗਈ। ਤਾਂ ਵੀ ਪਹਿਲੇ ਪਦ ਹਨ, 'ਆਦਿ ਗੁਰ' ਤੇ 'ਜੁਗਾਦਿ ਗੁਰ'।

---

[A] ਸੁਖਮਨੀ ਸਾਹਿਬ ਸਟੀਕ, ਪ੍ਰੋ. ਸ਼ਾਹਿਬ ਸਿੰਘ ਪੰਨਾ-13

ਸਪੱਸ਼ਟ ਹੈ ਇਨ੍ਹਾਂ ਪਦਾਂ ਦਾ ਅਰਥ ਗੁਰੂ ਨਾਨਕ ਜਾਂ ਹੋਰ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ। 'ਗੁਰੂ' ਦੇ ਅਰਥ ਹਨ, ਵੱਡਾ, ਭਾਰਾ, ਮਹਾਨ ਅਰਥਾਤ ਨਮਸਕਾਰ ਹੈ ਉਸ ਗੁਰੂ, ਪਰਮ ਤੱਤ ਨੂੰ ਤੇ ਉਸ ਤੋਂ ਪਿੱਛੋ 'ਸਤਿਗੁਰੂ' ਤੇ 'ਗੁਰੂਦੇਵ' ਨੂੰ ਜੋ ਗੁਰੂ ਅਰਜਨ ਲਈ ਗੁਰੂ ਨਾਨਕ ਤੇ ਉਨ੍ਹਾਂ ਤੋਂ ਪਿਛਲੇ ਤਿੰਨ ਗੁਰੂ ਵਿਅਕਤੀ ਹੋ ਸਕਦੇ ਹਨ।"[A]

**ਨਾਮ ਦੀ ਮਹੱਤਾ ਦੇ ਸੰਬੰਧ ਵਿਚ ਗੁਰੂ ਜੀ ਲਿਖਦੇ ਹਨ :**

(a) ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥ 4/2

(b) ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥

ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਜਿਨ੍ਹਾਂ ਨੇ ਨਾਮ ਦੀ ਟੇਕ ਲਈ ਹੈ ਤੇ ਸੁਆਸ-ਸੁਆਸ ਸਿਮਰਨ ਕਰਕੇ ਪੁੱਗ ਗਏ ਹਨ, ਉਹ ਮਹਾਂਪੁਰਸ਼ ਪੂਜਯ ਹਨ, ਸੰਤ ਹਨ, ਸਾਧ ਹਨ। ਉਹ ਬ੍ਰਹਮ ਗਿਆਨੀ ਹਨ। ਇਹੋ ਜਿਹੇ ਸਰਬ-ਸ਼ਰੇਸ਼ਠ ਉੱਤਮ ਵਿਅਕਤੀਆਂ ਦੀ ਉਪਮਾ ਕਰਨੀ ਬੰਨ੍ਹਦੀ ਹੈ। ਉਹ ਬ੍ਰਹਮਗਿਆਨੀ ਦੇ ਲੱਛਣ ਦੱਸਦੇ ਹੋਏ ਲਿਖਦੇ ਹਨ :

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥

ਬ੍ਰਹਮ ਗਿਆਨੀ 'ਸਦਾ ਨਿਰਲੇਪ' ਹੈ। ਸਦਾ ਨਿਰਦੋਖ ਹੈ। ਉਹ ਸਭ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਦਾ ਹੈ। ਉਸਦੇ ਗੁਣ ਬੇਅੰਤ ਹਨ।

ਬ੍ਰਹਮਗਿਆਨੀ ਸਦਾ ਨਿਰਲੇਪ॥
ਜੈਸੇ ਜਲ ਮਹਿ ਕਮਲ ਆਲੇਪ॥
ਬ੍ਰਹਮਗਿਆਨੀ ਸਦਾ ਨਿਰਲੇਪ॥
ਜੈਸੇ ਗੁਰੁ ਸਰਬ ਕਉ ਸੋਖ॥
ਬ੍ਰਹਮਗਿਆਨੀ ਹੈ ਦ੍ਰਿਸਟਿ ਸਮਾਨਿ॥

---

[A] ਗੁਰਮਤਿ ਸਾਹਿਤ, ਭਾਸ਼ਾ ਵਿਭਾਗ, ਪੰਜਾਬ, ਪੰਨਾ - 313

ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥

ਇਸੇ ਤਰ੍ਹਾਂ ਇਕ ਪਾਸੇ ਗੁਰੂ ਜੀ ਮਨੁੱਖ ਨੂੰ ਬ੍ਰਹਮਗਿਆਨੀ ਬਨਣ ਦੀ ਪ੍ਰੇਰਨਾ ਦਿੰਦੇ ਹਨ, ਦੂਜੇ ਪਾਸੇ ਸੰਤ ਦੇ ਦੋਖੀ ਦੀ ਭੈੜੀ ਦਸ਼ਾ ਬਿਆਨ ਕਰਦੇ ਹਨ।

'ਸੰਤ ਕਾ ਨਿੰਦਕੁ ਰਾਜ ਤੇ ਹੀਨੁ।
ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ।
ਸੰਤ ਕੇ ਨਿੰਦਕ ਕਉ ਸਰਬ ਰੋਗ।
ਸੰਤ ਕੇ ਨਿੰਦਕ ਕਉ ਸਦਾ ਵਿਯੋਗ।'

ਇਸ ਤਰ੍ਹਾਂ ਗੁਰੂ ਜੀ ਮਨੁੱਖ ਨੂੰ ਮਨਮੁੱਖਤਾ ਛੱਡ ਕੇ ਗੁਰਮੁਖਤਾ ਵੱਲ ਪ੍ਰੇਰਦੇ ਹਨ ਅਤੇ ਨਾਮ ਨੂੰ ਗੁਰਮੁਖਤਾ ਵੱਲ ਲਿਜਾਣ ਦਾ ਇਕ ਮਾਤਰ ਸਾਧਨ ਦੱਸਦੇ ਹਨ। ਉਹ ਆਪਣੀ ਇਸ ਲੰਮੇਰੀ ਰਚਨਾ ਦਾ ਸਾਰ ਰਹਾਉ ਦੀ ਦੋ ਤੁਕਾਂ ਵਿਚ ਇਸ ਤਰ੍ਹਾਂ ਸਪੱਸ਼ਟ ਕਰਦੇ ਹਨ ਅਤੇ ਪਰਮ ਸੁੱਖ ਦੇ ਸੋਮੇ ਦੀ ਜਾਣਕਾਰੀ ਦਿੰਦੇ ਹਨ:

"ਸੁਖਮਨੀ ਸੁੱਖ ਅੰਮ੍ਰਿਤ ਪ੍ਰਭ ਨਾਮ॥
ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥

**ਸੁਖਮਨੀ ਸਾਹਿਬ ਦੀ ਉਸਾਰੀ ਦੀ ਜੁਗਤ :** ਸੁਖਮਨੀ ਵਿਚ 24 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਵਿਚ ਇਕ ਪ੍ਰਧਾਨ ਵਿਸ਼ਾ ਹੈ ਜਿਸ ਦੀ ਪਹਿਲਾਂ ਦਿੱਤੇ ਸਲੋਕ ਵਿਚ ਸਾਰ ਅਤੇ ਅਸ਼ਟਪਦੀ ਵਿਚ ਵਿਆਖਿਆ ਕੀਤੀ ਗਈ ਹੈ। ਸੁਖਮਨੀ ਵਿਚਲੇ ਅਸ਼ਟਪਦੀਆਂ ਦੇ ਵਿਸ਼ੇ ਇਸ ਪ੍ਰਕਾਰ ਹਨ :

- 1-5 ਅਸ਼ਟਪਦੀਆਂ- ਸਿਮਰਨ ਬਾਰੇ
- 6 ਅਸ਼ਟਪਦੀ - ਗੁਰੂ ਪ੍ਰਸਾਦ ਬਾਰੇ
- 7 ਅਸ਼ਟਪਦੀ - ਸਾਧ ਦੀ ਮਹਿਮਾ।
- 8 ਅਸ਼ਟਪਦੀ - ਬ੍ਰਹਮਗਿਆਨੀ ਦੀ ਮਹਿਮਾ
- 9 ਨਾਮ ਦੀ ਮਹਿਮਾ
- 10 ਰਚਨਾ ਦੀ ਬੇਅੰਤਤਾ ।
- 11 ਪ੍ਰਭੂ ਸ਼ਕਤੀ ਦੀ ਮਾਨਤਾ ਤੇ ਸਰਬਵਿਆਪਕਤਾ ਬਾਰੇ।

- 12 ਅਭਿਮਾਨ ਦੇ ਤਿਆਗ ਬਾਰੇ
- 13 ਸੰਤ ਦੇ ਨਿੰਦਕਾਂ ਬਾਰੇ
- 14 ਰੱਬੀ ਏਕਤਾ ਤੇ ਉਸ ਦੀ ਨਿਰਭਰਤਾ ਦੀ ਭਾਵਨਾ
- 15 ਪ੍ਰਭੂ ਦੀ ਸਰਬਸ਼ਕਤੀਮਾਨਤਾ ਅਤੇ ਅੰਤਰਯਾਗਤਾ
- 16 ਪ੍ਰਭੂ ਦੀ ਅਗੰਮਤਾ
- 17 ਜਪੁ ਜੀ ਦੇ ਪ੍ਰਥਮ ਸਲੋਕ 'ਆਦਿ ਸਚੁ ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਸਚੁ' ਦੀ ਵਿਆਖਿਆ



- 18 ਸਤਿਗੁਰ ਬਾਰੇ।
- 19 ਨਾਮ ਬਾਰੇ
- 20 ਭਗਤੀ ਭਾਵਨਾ ਤੇ ਅਰਦਾਸ
- 21 ਸਰਗੁਣ ਤੇ ਨਿਰਗੁਣ ਬ੍ਰਹਮ ਦੀ ਵਿਆਖਿਆ
- 22 ਪ੍ਰਭੂ ਦੀ ਸਰਬ ਵਿਆਪਕਤਾ
- 23 ਗੁਰੂ, ਸੰਤ ਤੇ ਪਰਮਾਤਮਾ ਦੀ ਮਹਿਮਾ।
- 24 ਪ੍ਰਭੂ ਸਿਮਰਨ ਤੇ ਨਾਮ ਦਾ ਮਹੱਤਵ।

**ਰਹਾਓ ਦੀ ਤੁਕਾਂ –** ਸੁਖਮਨੀ ਗੁਰੂ ਅਰਜਨ ਦੇਵ ਜੀ ਦੀ ਲੰਮੇਰੀ ਆਕਾਰ ਦੀ ਰਚਨਾ ਹੈ। ਇਸਦੀ ਸੁਭਾਅ ਫੈਲਾਅਮਈ ਹੈ। ਪਰ ਇਸ ਸਾਰੀ ਰਚਨਾ ਦਾ ਸਾਰ ਗੁਰੂ ਜੀ ਨੇ ਰਹਾਓ ਦੀਆਂ ਦੋ ਤੁਕਾਂ ਵਿਚ ਦਿੱਤਾ ਹੈ ।

> "ਸੁਖਮਨੀ ਸੁੱਖ ਅੰਮ੍ਰਿਤ ਪ੍ਰਭ ਨਾਮ॥
> ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥

**ਭਾਵ** : ਪ੍ਰਭੂ ਦਾ ਨਾਮ ਸਭ ਸੁੱਖਾਂ ਦਾ ਮੂਲ ਹੈ। ਇਸਦੀ ਪ੍ਰਾਪਤੀ ਗੁਰਮੁੱਖਾਂ ਤੋਂ ਹੀ ਹੋ ਸਕਦੀ ਹੈ, ਕਿਉਂਕਿ ਪ੍ਰਭੂ ਦਾ ਨਾਮ ਉਨ੍ਹਾਂ ਦੇ ਹਿਰਦੇ ਵਿਚ ਵਸਦਾ ਹੈ।

**ਰਚਨਾਂ ਵਿਚਲੇ ਸ਼ਬਦਾਂ ਦਾ ਦੁਹਰਾਉ :** ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਬੜੇ ਸੁੰਦਰ ਤੇ ਸੰਗੀਤਕ ਢੰਗ ਨਾਲ ਕਰਨ ਲਈ ਤੇ ਨਾਲ ਹੀ

ਨਾਲ ਪਾਠਕਾਂ ਦੇ ਹਿਰਦੇ ਤੇ ਇਨ੍ਹਾਂ ਛਾਪ ਅੰਕਿਤ ਕਰਨ ਲਈ ਸ਼ਬਦਾਂ ਦਾ ਦੁਹਰਾਉ ਦਾ ਪ੍ਰਯੋਗ ਕੀਤਾ ਹੈ।

ਜਿਵੇਂ (a) ਸਚੁ ਸਚੁ ਸਚੁ ਸਭ ਕੀਨਾ।

ਕੋਟਿ ਮਧੇ ਕਿਨੈ ਬਿਰਲੈ ਚੀਨਾ।

(b) ਭਲਾ ਭਲਾ ਭਲਾ ਤੇਰਾ ਰੂਪ।

ਅਤਿ ਸੁੰਦਰ ਅਪਾਰ ਅਨੂਪ।

7/2

ਕਈ ਵਾਰ ਤਾਂ ਇਕੱਠੀਆਂ ਤੁਕਾਂ ਵਿਚ ਲਗਾਤਾਰ ਦੁਹਰਾਓ ਦੀ ਅਜਿਹੀ ਵਰਖਾ ਲਾ ਦਿੱਤੀ ਹੈ ਕਿ ਉੱਚੇ ਮੰਡਲਾਂ ਦੇ ਅੰਮ੍ਰਿਤ ਨਾਲ ਹਰ ਇਕ ਦੇ ਹਿਰਦੇ ਸਰੋਵਰ ਨੂੰ ਭਰਪੂਰ ਕਰ ਦਿੱਤਾ ਹੈ।

(a) ਸਤਿ ਸਤਿ ਸਤਿ ਪ੍ਰਭ ਸੁਆਮੀ।

ਗੁਰ ਪ੍ਰਸਾਦਿ ਕਿਨੈ ਵਖਿਆਨੀ।

(b) ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ।

ਘਟਿ ਘਟਿ ਸੁਨੀ ਸ੍ਰਵਣ ਬਖਾਣੀ।

ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ।

ਨਾਮ ਜਪੈ ਨਾਨਕ ਮਨਿ ਪ੍ਰੀਤਿ।੧। ੧੨

**ਸੁਖਮਨੀ ਦੀ ਭਾਸ਼ਾਈ ਜੁਗਤ :** ਸੁਖਮਨੀ ਸਾਹਿਬ ਦੀ ਭਾਸ਼ਾ ਸੰਸਕ੍ਰਿਤ, ਫਾਰਸੀ, ਬ੍ਰਿਜੀ ਤੇ ਪੰਜਾਬੀ ਦਾ ਸੁਮੇਲ ਹੈ। ਇਸ ਰਚਨਾ ਰਾਹੀਂ ਗੁਰੂ ਜੀ ਨੇ ਕਈ ਨਵੇਂ ਸਮਾਸ ਘੜੇ ਹਨ ਤੇ ਨਾਲ ਹੀ ਨਾਲ ਕਈ ਅਟੱਲ ਸਚਾਈਆਂ ਨੂੰ ਆਪਣੀ ਰਚਨਾ ਵਿਚ ਪ੍ਰਗਟ ਕੀਤਾ ਹੈ। ਸੋ ਸੁਖਮਨੀ ਦੀ ਭਾਸ਼ਾ ਰਲੀ-ਮਿਲੀ ਹੈ।

ਪ੍ਰਿ. ਤੇਜਾ ਸਿੰਘ ਦੇ ਸ਼ਬਦਾਂ ਵਿਚ , " ਅਸਲ ਗੱਲ ਇਹ ਹੈ ਕਿ ਨਾ ਇਹ ਪੰਜਾਬੀ ਵਿਚ ਹੈ ਤੇ ਨਾ ਹਿੰਦੀ ਵਿਚ। ਇਹ ਇਕ ਰਲਵੀਂ ਬੋਲੀ ਵਿਚ ਹੈ ਜੋ ਹਿੰਦੀ ਅਤੇ ਪੰਜਾਬੀ ਦੀ ਸਾਂਝੀ ਬਣਤਰ ਅਖਵਾ ਸਕਦੀ ਹੈ। ਇਸ ਰਚਨਾ ਦੇ ਵਿਚ ਹਿੰਦੀ ਦੇ ਉਹ ਸ਼ਬਦ ਵਰਤੇ ਹਨ ਜੋ ਪੰਜਾਬੀ ਦੇ ਨੇੜੇ ਹਨ। "

ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ - ਡਾ. ਕਰਤਾਰ ਸਿੰਘ ਸੂਰੀ ਪੰਨਾ - 325

**ਪੰਜਾਬੀ ਸ਼ਬਦਾਵਲੀ :** ਕਰਨ ਕਰਾਵਨ, ਮਲੁ (ਮੈਲ), ਧੰਧਾ, ਥਾਨਿ, ਡੋਰਾ, ਜਿਉਂ, ਤਿਉਂ ਆਦਿ

'ਸੁਖਮਨੀ ਸਹਜ ਗੋਬਿੰਦ ਗੁਨ ਨਾਮ'

'ਨਾਨਕ ਇਹ ਗੁਣਿ ਨਾਮ ਸੁਖਮਨੀ'

'ਗੁਰਮੁਖਿ ਨਾਮੁ ਜਪਹੁ ਮਨ ਮੇਰੇ'

ਸੁਖਮਨੀ ਵਿਚ ਲਹਿੰਦੀ ਭਾਸ਼ਾ ਦਾ ਪ੍ਰਯੋਗ ਬਹੁਤ ਘੱਟ ਹੈ।

**ਬ੍ਰਿਜੀ ਸ਼ਬਦਾਵਲੀ :** ਤਪਤਿ ਵ, ਪੇਖੈ, ਨਿਸਤਰੈ, ਆਧਨ, ਕਬਹੂੰ, ਏਕ, ਦੂਖ, ਸੂਖ।

(1) ਕਬਹੂ ਨਿਰਤਿ ਕਰੇ ਬਹੁਤ ਭਾਤਿ।
ਕਬਹੂ ਸੋਇ ਰਹੈ ਦਿਨੁ ਰਾਤਿ।
ਕਬਹੂ ਮਹਾ ਕਰੋਧ ਬਿਕਰਾਲ।
ਕਬਹੂ ਸਰਬ ਕੀ ਹੋਤ ਰਵਾਲ।

(2) ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥
ਦੇਵਨ ਕਉ ਏਕੈ ਭਗਵਾਨੁ॥
ਜਿਸ ਕੈ ਦੀਐ ਰਹੈ ਅਘਾਇ॥
ਬਹੁਰਿ ਨ ਤ੍ਰਿਸ਼ਨਾ ਲਾਗੈ ਆਇ॥

ਡਾ. ਸ. ਸ. ਕੋਹਲੀ ਇਸ ਸੰਬੰਧ ਵਿਚ ਲਿਖਦੇ ਹਨ, "ਗੁਰੂ ਅਰਜਨ ਦੇਵ ਦੀ ਭਾਸ਼ਾ ਨੂੰ ਸਾਰੁਸਨੀ ਅਪਭ੍ਰੰਸ਼ (Saursini Apabhramsa) ਤੋਂ ਵਿਕਸਤ ਹੋਈ ਉਸ ਸਮੇਂ ਦੀ ਸਾਧ ਭਾਸ਼ਾ ਮੰਨਿਆ ਜਾ ਸਕਦਾ ਹੈ।"

A Critical Study of Aadi Granth, P - 49

**ਸੰਸਕ੍ਰਿਤ ਸ਼ਬਦਾਵਲੀ :** ਨਿਧਾਨ, ਸਫਲ, ਸੁਖਵਾਸੀ ,ਰਸਨਾ,ਤ੍ਰਾਸ ,ਸ੍ਰਿਸ਼ਟੀ ,ਪ੍ਰਭੂ, ਕੋਟੀ, ਤਤਕਾਲ, ਭਗਤ, ਹਸਤ, ਨਵਨਿਧ, ਕਰੁਣਾ,ਬਿਰਥਾ , ਨਿਰੰਜਨ, ਕਰੁਣਾਮੈਂ,ਬੈਸਨੋ, ਪਰਬੀਨ।

**ਫ਼ਾਰਸੀ ਸ਼ਬਦਾਵਲੀ:** ਬੇਸ਼ੁਮਾਰ, ਬੇਗੁਨਾਹ, ਦੁਸ਼ਮਨ, ਦਰਗਾਹ, ਤੋਗਾਹ,ਅਰਦਾਸ, ਗ਼ਰੀਬੀ ,ਬਖ਼ਸੀਸ, ਕੀਮਤਿ, ਗਰੀਬ-ਨਿਵਾਜ, ਦੀਨਾਂ-ਬੀਨਾ ਖਜ਼ੀਨਾ,ਮਣੀ।

ਸੋ ਅਸੀਂ ਸੰਤ ਸਿੰਘ ਸੇਖੋਂ ਦੇ ਸ਼ਬਦਾਂ ਵਿਚ ਕਹਿ ਸਕਦ ਹਾਂ ; "ਸੱਚ ਤਾਂ ਇਹ ਹੈ ਕਿ ਸੁਖਮਨੀ ਦੀ ਬੋਲੀ ਅਚੰਭੇ ਭਰੀ ਬੋਲੀ ਹੈ ਜੋ ਪੰਜਾਬੀ ਵੀ ਹੈ ਤੇ ਹਿੰਦੀ ਵੀ।"

ਪੰਜਾਬੀ ਕਾਵਿ ਸ਼ਿਰੋਮਣੀ, ਪੰਨਾ 169

**ਸਮਾਸਾਂ ਦੀ ਘਾੜਤ :** ਸੁਫਲ-ਫਲਾ, ਸਿਧ-ਸਾਧਿਕ, ਸਾਜ-ਸਵਾਰਿ, ਪਾਟ-ਪਟੰਬਰ, ਜੋਬਨ-ਭੋਜਨ, ਪਾਵਨ-ਪਾਵਕ, ਗਿਤਿ-ਮਤਿ, ਰੰਗ-ਸੰਗਿ, ਗਹਿਰ-ਗੰਭੀਰ, ਬਿਸਮ-ਬਿਸਮਾਦ, ਆਲ-ਜਾਲ, ਦੂਖ-ਸੂਖ, ਧੰਨਵੰਤ-ਕੁਲਵੰਤ

**ਅਟਲ ਸਚਾਈਆਂ** (1) ਆਵਨ ਜਾਨੁ ਇਕੁ ਖੇਲੁ ਬਨਾਇਆ।

(2) ਸਤਿਨਾਮ ਪ੍ਰਭ ਕਾ ਸੁਖਦਾਈ।

(3) ਨਿਰਗੁਨੁ ਆਪ ਸਰਗੁਨੁ ਭੀ ਉਹੀ।

(4) ਦੂਖ ਸੂਖ ਪ੍ਰਭ ਦੇਵਨ ਹਾਰੁ।

(5) ਜਿਸ ਰਾਖੈ ਤਿਸੁ ਕੋਇ ਨਾ ਮਾਰੈ।

**ਅਖਾਉਤਾਂ :** ਗੁਰੂ ਜੀ ਨੇ ਆਪਣੇ ਵਿਚਾਰਾਂ ਦੀ ਸੱਚਾਈ ਨੂੰ ਸਿੱਧ ਕਰਨ ਲਈ, ਉਨ੍ਹਾਂ ਨੂੰ ਦ੍ਰਿੜਾਉਣ ਲਈ ਕਈ ਅਖਾਉਤਾਂ ਦਾ ਸਹਾਰਾ ਵੀ ਲਿਆ ਹੈ।

(a) ਲਾਖ ਕਰੋਰੀ ਬੰਧ ਨ ਪਰੈ।

(b) ਸਗਲ ਸ੍ਰਿਸ਼ਟਿ ਕਾ ਰਾਜਾ ਦੁਖੀਆ।

(c) ਆਪਸ ਕਉ ਜੋ ਭਲਾ ਕਹਾਵੈ।
ਤਿਸਹਿ ਭਲਾਈ ਨਿਕਟ ਨ ਆਵੈ।

(d) ਆਪਨੀ ਪਰਤੀਤਿ ਆਪ ਹੀ ਖੋਵੈ।
ਬਹੁਰਿ ਉਸ ਕਾ ਬਿਸਵਾਸ ਨ ਹੋਵੈ।

(e) ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ।
ਦੇਵਨ ਕਉ ਏਕੈ ਭਗਵਾਨੁ।

**ਸੁਖਮਨੀ ਦਾ ਸ਼ੈਲੀਗਤ ਸੁਭਾਅ :** ਗੁਰੂ ਅਰਜਨ ਦੇਵ ਜੀ ਦੀ ਸ਼ੈਲੀ ਸਾਹਿਤਕ ਹੈ ਅਤੇ ਇਸਦਾ ਸੁਭਾਅ ਫੈਲਾਅਮਈ ਹੈ। ਇਸ ਵਿਚ ਗੁਰੂ ਜੀ ਨੇ ਆਪਣੇ ਵਿਚਾਰਾਂ ਨੂੰ ਬੜੇ ਵਿਸਤ੍ਰਿਤ ਢੰਗ ਨਾਲ ਪੇਸ਼ ਕੀਤਾ ਹੈ।ਡਾ. ਸੁਖਵਿੰਦਰ ਕੌਰ ਦੇ ਸ਼ਬਦਾਂ ਵਿਚ, " 'ਸੁਖਮਨੀ' ਗੁਰੂ ਅਰਜਨ

ਦੇਵ ਜੀ ਦਾ ਸ਼ਾਹਕਾਰ ਹੈ।ਦਾਰਸ਼ਨਿਕ ਪੱਖ ਤੋਂ ਇਸਦਾ ਖਾਸ ਮਹੱਤਵ ਹੈ। ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਵੱਧ ਦਾਰਸ਼ਨਿਕ ਬਾਣੀ ਜਪੁਜੀ ਦੇ ਸਾਰੇ ਸਿਧਾਂਤ ਇਸ ਵਿਚ ਦਿੱਤੇ ਗਏ ਹਨ। ਅੰਤਰ ਕੇਵਲ ਇਹ ਹੈ ਕਿ ਜਿਥੇ ਉਹ ਬਾਣੀ ਸੂਤਰਮਈ ਹੈ ਉਥੇ ਇਸਦੀ ਸ਼ੈਲੀ ਵਿਆਖਿਆਤਮਕ ਹੈ। ਇਸ ਨੂੰ ਜਪੁ-ਸਿਧਾਂਤ ਦਾ ਟੀਕਾ ਕਿਹਾ ਜਾ ਸਕਦਾ ਹੈ।"

ਸੁਖਮਨੀ ਦਾ ਆਲੋਚਨਾਤਮਕ ਅਧਿਐਨ, (ਕ) ਮੁੱਖ ਬੰਧ

ਸੁਖਮਨੀ ਸਾਹਿਬ ਵਿਚ ਸੰਗੀਤਾਤਮਕਤਾ ਦਾ ਸਿਖਰ ਹੈ। ਹਰ ਸ਼ਬਦ ਆਪਣੇ ਆਪ ਵਿਚ ਸਰਗਮ ਦਾ ਸੁਰ ਹੈ, ਜਿਸਦੀ ਆਪਣੀ ਮਧੁਰ ਆਵਾਜ਼ ਹੈ, ਸਚਮੁੱਚ ਸੁਖਮਨੀ ਕਾਵਿ ਵਿਚ ਕੋਈ ਐਸੀ ਸ਼ਕਤੀਵਾਨ ਸ਼ੈਲੀ ਹੈ ਜਿਸ ਵਿਚ ਪਰਮਾਤਮਾ ਵਰਗਾ ਸਤਿ ਹੈ, ਚਿਤ ਹੈ ਤੇ ਆਨੰਦ ਹੈ। ਇਸ ਦੀ ਸ਼ੈਲੀ ਭਗਤ, ਸਾਧ, ਬ੍ਰਹਮਗਿਆਨੀ ਤੇ ਸੰਤ ਦੀ ਸ਼ੈਲੀ ਹੈ ਜਿਸ ਨੇ ਇਸ ਵਿਚ ਪਰਮੇਸ਼ਵਰ ਦੀ ਮਹਿਮਾ, ਸਵੈ-ਸੰਜਮ ਦੀ ਸਾਧਨਾ, ਬ੍ਰਹਿਮੰਡ ਜਿੰਨੀ ਗਿਆਨ ਦੀ ਵਿਸ਼ਾਲਤਾ ਅਤੇ ਹਮਦਰਦੀ ਦੀ ਇਕਸੁਰਤਾ ਦੇ ਪ੍ਰਭਾਵ ਉਤਪੰਨ ਕੀਤੇ। ਪੰਜਾਬੀ ਕਵਿਤਾ ਵਿਚ ਅੱਖਰਾਂ ਦੀ ਇਹ ਜਾਦੂਗਰੀ ਹੋਰ ਕਿਤੇ ਸੰਭਵ ਨਹੀਂ ਹੋ ਸਕੀ।

ਬ੍ਰਹਮਗਿਆਨੀ ਨੂੰ 80 ਤੋਂ ਵੱਧ ਦ੍ਰਿਸ਼ਟੀਕੋਣਾਂ ਨਾਲ ਵੇਖਿਆ ਹੈ। ਇਹ ਸਮਰੱਥ ਹੀ ਇਸ ਗੱਲ ਦਾ ਸਬੂਤ ਹੈ ਕਿ ਸੁਖਮਨੀ ਇਕ ਬਾਣੀ ਹੈ ਜੋ ਆਮ ਰਚਨਾ ਹੈ, ਸਗੋਂ 'ਧੁਰ ਕੀ ਬਾਣੀ' ਤੇ 'ਖਸਮ ਦੀ ਆਵਾਜ਼' ਹੈ ।"ਹਉ ਆਪਹੁ ਬੋਲਿ ਨਾ ਜਾਣਦਾ ਮੈਂ ਕਹਿਆ ਸਭ ਹੁਕਮਾਉ ਜੀਉ।"

ਗੁਰਮੁਖ ਸਿੰਘ ਦੇ ਸ਼ਬਦਾਂ ਵਿਚ, "ਗੁਰੂ ਅਰਜਨ ਦੇਵ ਜੀ ਦੀ ਇਸ ਅਮਰ ਰਚਨਾ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿਚ ਆਦਿ ਤੋਂ ਅੰਤ ਤੱਕ ਨੀਰਸਤਾ ਦਾ ਆਭਾਸ ਨਹੀਂ ਹੁੰਦਾ ਕਿਉਂਕਿ ਗੁਰੂ ਕਵੀ ਨੇ ਸਹਿਜੇ ਹੀ, 'ਗੁਰ ਕੀ ਬਾਣੀ' ਨੂੰ ਸ਼ਬਦਾਂ ਵਿਚ ਬੰਨ੍ਹਿਆ ਹੈ।"

(ਸੁਖਮਨੀ ਵਿਸ਼ਲੇਸਣ ਅਤੇ ਵਿਆਖਿਆ, ਪੰਨਾ- 82 ਗੁਰੂ ਜੀ ਨੇ ਆਪਣੀ ਇਸ ਰਚਨਾ ਵਿਚ ਆਪਣੀ ਸਮਰੱਥਾ ਦਾ ਭੇਦ ਦਿੱਤਾ ਹੈ। ਸੁਖਮਨੀ ਦਾ ਗਿਆਨ ਬ੍ਰਹਿਮੰਡ ਦੇ ਇਤਿਹਾਸ, ਉਸ ਦੀ ਉਤਪਤੀ ਤੇ ਵਿਕਾਸ, ਬ੍ਰਹਿਮੰਡ ਦੇ ਦਰਸ਼ਨਾਂ ਰਹੱਸਾਂ, ਸਮਾਜਾਂ ਤੇ ਮਨੁੱਖੀ ਚੇਤਨਤਾ ਦੇ ਸਾਰੇ ਪੱਖਾਂ ਨੂੰ ਆਪਣੀ ਵਲਗਣ ਵਿਚ ਲਈ ਬੈਠਾ ਹੈ। ਇੰਨੇ ਵਿਸ਼ਾਲ ਗਿਆਨ ਨੂੰ ਪ੍ਰਗਟਾ ਲੈਣਾ ਹੀ ਸਾਹਿਤਿਕ ਕਲਾ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਡਾ. ਤਾਰਨ ਸਿੰਘ ਦੇ ਸ਼ਬਦਾਂ ਵਿਚ ਅਸੀਂ ਇਹ ਨਿਸ਼ਕਰਸ਼ ਕੱਢ ਸਕਦੇ ਹਾਂ "ਗੁਰੂ ਅਰਜਨ ਦੇਵ ਜੀ ਦੀ ਸ਼ੈਲੀ ਦਾ ਵਿਸਥਾਰਕ ਤੱਤ ਇਸ ਰਚਨਾ ਵਿਚ ਪੂਰੀ ਸਿਖਰ ਤੇ ਹੈ।ਆਪ ਦੀ ਸਰੋਦੀ ਕਲਾ ਤੇ ਸਰੋਦੀ ਭਾਵਕਤਾ ਦੇ ਚਮਤਕਾਰ ਵੀ ਇਥੇ ਪੂਰੇ ਜੋਬਨ ਤੇ ਹਨ। ਆਪ ਦੀ ਵਿਧਵਤਾ, ਭਾਰਤੀ ਅਧਿਆਤਮ ਬਿੰਬਾਵਲੀ ਦੀ ਸੂਝ, ਭਾਰਤੀ ਫਲਸਫੇ ਤੇ ਕਰਮ-ਕਾਂਡ ਦਾ ਗਿਆਨ ਇਸ ਰਚਨਾ ਦੀ ਸਤਰ-ਸਤਰ ਵਿਚੋਂ ਦ੍ਰਿਸ਼ਟਮਾਨ ਹੈ।"

(ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ ਪੰਨਾ - 394)

**ਸੁਖਮਨੀ ਦਾ ਛੰਦ ਪ੍ਰਬੰਧ :** ਸੁਖਮਨੀ ਵਿਚ 24 ਅਸ਼ਟਪਦੀਆਂ ਤੇ 24 ਸਲੋਕ ਹਨ। ਗੁਰੂ ਜੀ ਦੇ ਹਰ ਵਿਚਾਰ ਦਾ ਸਾਰ ਸਲੋਕ ਵਿਚ ਤੇ ਵਿਆਖਿਆ ਅਸ਼ਟਪਦੀ ਵਿਚ ਹੈ।

ਕੁਝ ਸ਼ਲੋਕ ਦੋਹਰਾ ਰੂਪ ਹਨ ਪਰ ਪਹਿਲਾ ਸਲੋਕ ਦਾ ਤੋਲ ਚੌਪਈ ਹੈ। ਇਸੇ ਤਰ੍ਹਾਂ ਅੱਠਵੀਂ ਅਸ਼ਟਪਦੀ ਦਾ ਸਲੋਕ ਤਿੰਨ ਤੁਕੀ ਹੈ। ਪਰ ਸੱਤਵੀਂ ਅਸ਼ਟਪਦੀ ਦਾ ਸਲੋਕ ਨਾ ਦੋਹਰਾ ਰੂਪ ਹੈ ਨਾ ਚੌਪਈ। ਇਸ ਵਿਚ ਗੁਰੂ ਸਾਹਿਬ ਨੇ ਨਵਾਂ ਤੋਲ ਵਰਤ ਕੇ ਦੋਹੇ ਜਾਂ ਸ਼ਲੋਕ ਦੇ ਘੇਰੇ ਨੂੰ ਹੋਰ ਚੌਰੇੜਾ ਦਾ ਯਤਨ ਕੀਤਾ ਹੈ।

ਅਗਮ ਅਗਾਧਿ ਪਾਰਬ੍ਰਹਮ ਸੋਇ।
ਜੋ ਜੋ ਕਹੈ ਸੋ ਮੁਕਤਾ ਹੋਇ।
ਸੁਨ ਮੀਤਾ ਨਾਨਕੁ ਬਿਨਵੰਤਾ।
ਸਾਧ ਜਨਾ ਕੀ ਅਚਰਜ ਕਥਾ।

**ਦੋਹਿਰਾ ਰੂਪ ਸ਼ਲੋਕ** : (1391 ਮਾਤਰਾਵਾਂ) ਵਾਲਾ ਹੈ (7ਵੀਂ ਅਸ਼ਟਪਦੀ ਤੋਂ ਪਹਿਲਾਂ)

ਸੰਤ ਸਰਨਿ ਜੋ ਜਨ ਪਰੇ ਸੋ ਜਨ ਉਧਰਨਹਾਰ।
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ।

**ਸ਼ਲੋਕ ਜਿਸਦਾ ਤੋਲ ਚੌਪਈ ਹੈ**

ਆਦਿ ਗੁਰਏ ਨਮਹ, ਜੁਗਾਦਿ ਗੁਰਏ ਨਮਹ।
ਸ਼ਤਿਗੁਰਏ ਨਮਹ, ਸ਼੍ਰੀ ਗੁਰਦੇਵਏ ਨਮਹ। (ਪਹਿਲੀ ਅਸ਼ਟਪਦੀ ਤੋਂ ਪਹਿਲਾਂ)

**ਤਿੰਨ ਤੁਕੀਆ ਸ਼ਲੋਕ**

ਮਨਿ ਸਾਚਾ ਮੁਖਿ ਸਾਚਾ ਸੋਇ।

ਅਵਰੁ ਨ ਪੇਖੈ ਏਕਸ ਬਿਣ ਕੋਇ।

ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ। (8 ਅਸ਼ਟਪਦੀ ਤੋਂ ਪਹਿਲਾਂ)

ਇਵੇਂ ਸਲੋਕ ਦੇ ਰੰਗ ਰੂਪ ਵਿਚ ਨਿਖਾਰ ਲਿਆਉਣ ਲਈ ਪੁਰਾਣੇ ਤੋਲਾਂ ਨੂੰ ਛੱਡ ਕੇ ਨਵੇਂ ਤੋਲ ਵਰਤੇ ਹਨ।

**ਅਸ਼ਟਪਦੀ** ਤੋਂ ਭਾਵ ਹੈ: 8-8 ਪਦਾਂ ਵਾਲੀ। ਹਰ ਪਦ ਦੀਆਂ ਅੱਗੋਂ ਦਸ ਤੁਕਾਂ ਹਨ। ਰਹਾਉ ਵਾਲੀਆਂ ਦੋ ਪੰਗਤੀਆਂ ਵੱਖਰੀਆਂ ਹਨ । ਸਾਰੀਆਂ ਅਸ਼ਟਪਦੀਆਂ ਵਿਚ ਚੌਪਈ ਛੰਦ ਵਰਤਿਆ ਹੈ। ਇਹ ਛੰਦ ਛੋਟੇ ਬਹਿਰ ਦਾ ਹੈ। ਇਸ ਦੀ ਚਾਲ ਬੜੀ ਤਿੱਖੀ ਤੇ ਸੰਗੀਤਾਤਮਕ ਹੈ। ਗੁਰੂ ਸਾਹਿਬ ਨੇ ਸ਼ਾਸ਼ਤਰੀ ਤੋਲਾਂ ਬਾਰੇ ਸੁਤੰਤਰਤਾ ਦੀ ਦ੍ਰਿਸ਼ਟੀ ਵਿਖਾਈ ਹੈ ਕਿਉਂਕਿ ਉਨ੍ਹਾਂ ਭਾਵ ਨੂੰ ਪ੍ਰਧਾਨਤਾ ਦਿੱਤੀ ਹੈ, ਕਲਾ ਨੂੰ ਨਹੀਂ ਜਿਵੇਂ :-

(a) ਨਾਮ ਕੇ ਧਾਰੈ ਸਗਲੇ ਜੰਤ।

ਨਾਮ ਕੇ ਧਾਰੈ ਖੰਡ ਬ੍ਰਹਿਮੰਡ ॥

(b) ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ।

ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧ।

ਸੰਤ ਸਿੰਘ ਸੇਖੋਂ ਸੁਖਮਨੀ ਦੇ ਛੰਦ ਪਬੰਧ ਦੇ ਸੰਬੰਧ ਵਿਚ ਲਿਖਦੇ ਹਨ, "ਪੰਜ ਸ਼ਲੋਕਾਂ ਤੋ ਉਪਰੰਤ 19 ਸਲੋਕ ਦੋਹਿਰਾ ਰੂਪੀ ਹਨ ਤੇ ਇਨ੍ਹਾਂ ਦਾ ਤੋਲ 13-11 ਮਾਤਰਾਵਾਂ ਦਾ ਹੈ। ਇਥੋਂ ਤੱਕ ਕਿ 'ਇਥੋਂ ਤਕ ਕਿ 'ਨਾਨਕ' ਪਦ ਦੀ ਇਸ ਮਾਤਰਾ ਤੋਲ ਵਿਚ ਜੁੜਿਆ ਹੈ। ਸ਼ਲੋਕ ਤੋਂ ਇਲਾਵਾ ਅਸ਼ਟਪਦੀਆਂ ਹਨ। ਇਸਦਾ ਛੰਦ ਚੌਪਈ ਹੈ। ਚੌਪਈ ਆਮਤੌਰ ਤੇ 4 ਤੁਕਾਂ ਵਾਲਾ ਰੂਪਕਾਰ ਹੈ, ਪਰ ਇਥੇ 8 ਤੁਕਾਂ ਗੁਰੂ ਸਾਹਿਬ ਨੇ ਵਰਤੀਆਂ ਹਨ। ਹਰ ਅਸ਼ਟਪਦੀ ਦੋ ਚੌਪਈਆਂ ਦਾ ਦਰਜਾ ਰੱਖਦੀ ਹੈ। ਇਸਦਾ ਸੁਭਾਅ ਚੌਪਈ ਵਾਲਾ ਹੈ ਪਰ ਮਾਤਰਾਵਾਂ ਦੀ ਗਿਣਤੀ ਵੱਧਦੀ ਘਟਦੀ ਨਹੀਂ ਹੈ, ਉਹ ਨਿਸ਼ਚਤ ਹੈ। (ਗੁਰਮਤਿ ਸਾਹਿਤ, ਪੰਨਾ-311)

**ਸੁਖਮਨੀ ਵਿਚ ਪ੍ਰਤੀਕਾਂ ਦਾ ਪ੍ਰਯੋਗ :** ਇਸ ਰਚਨਾ ਵਿਚ ਵਰਤੇ ਗਏ ਪ੍ਰਤੀਕ ਖ਼ਾਸ ਮਹੱਤਵ ਰੱਖਦੇ ਹਨ। ਇਹ ਮੱਧਕਾਲੀ ਸਮਾਜ ਵਿਚੋਂ ਲਏ ਗਏ ਪ੍ਰਤੀਕ ਹਨ ਤੇ ਇੱਕ ਖ਼ਾਸ ਅਰਥ ਦਾ

ਸੰਚਾਰ ਕਰਦੇ ਹਨ। ਡਾ: ਸੁਰਜੀਤ ਸਿੰਘ ਅਨੁਸਾਰ, " ਸੁਖਮਨੀ ਸਾਹਿਬ ਦੇ ਪ੍ਰਤੀਕਾਂ ਨੂੰ ਨਿਮਨ ਵਰਗਾਂ ਵਿਚ ਵੰਡਿਆ ਗਿਆ ਹੈ।

(ੳ) ਪੋਰਾਣਿਕ ਪ੍ਰਤੀਕ

(ਅ) ਸਿੱਧ ਪਰੰਪਰਾ ਤੋਂ ਆਏ ਪ੍ਰਤੀਕ

(ਭ) ਵਪਾਰ ਨਾਲ ਸੰਬੰਧਿਤ ਪ੍ਰਤੀਕ

(ਛ) ਜੀਵ-ਜੰਤੂਆਂ ਨਾਲ ਸੰਬੰਧਿਤ ਪ੍ਰਤੀਕ

(ਧ) ਵਿਕ੍ਰਿਤ ਸਰੀਰ ਦੇ ਪ੍ਰਤੀਕ

(ਓ) ਕੁਦਰਤ ਨਾਲ ਸੰਬੰਧਿਤ ਪ੍ਰਤੀਕ

(ਢ) ਰਲੇ ਮਿਲੇ ਪ੍ਰਤੀਕ।"

(ਗੁਰੂ ਨਾਨਕ ਪ੍ਰਕਾਸ਼ ਪਤ੍ਰਿਕਾ)

**ਪੋਰਾਣਿਕ ਪ੍ਰਤੀਕ :** ਪ੍ਰਭ ਕੈ ਸਿਮਰਨ ਨਾਹੀ ਜਮ ਤ੍ਰਾਸਾ।
ਕਾਮ ਧੇਨੁ ਹਰਿ ਹਰਿ ਗੁਣ ਗਾਸਾ।
ਚਿਤ੍ਰਗੁਪਤ ਕਿਸ ਪੂਛਤ ਲੇਖਾ।
ਧਰਮਰਾਏ ਤਿਸੁ ਕਰੇ ਖੁਆਰੀ।

**ਸਿੱਧ ਪਰੰਪਰਾ ਤੋਂ ਆਏ ਪ੍ਰਤੀਕ :-** ਪ੍ਰਭ ਕੈ ਸਿਮਰਨ ਰਿਧਿ ਸਿਧਿ ਨਉ ਨਿਧਿ
ਪ੍ਰਭ ਕੈ ਸਿਮਰਨ ਅਨਹਦ ਝਨਕਾਰ
ਸੁੰਨ ਸਮਾਧਿ ਨਾਮ ਰਸ ਮਾਤੇ
ਪ੍ਰਭ ਕੈ ਸਿਮਰਨਿ ਕਮਲ ਬਿਗਾਸਨ

**ਵਪਾਰ ਨਾਲ ਸੰਬੰਧਿਤ ਪ੍ਰਤੀਕ :-** ਜਿਸ ਵਖਰ ਕਉ ਲੈਨ ਤੂ ਆਇਆ
ਸਚੁ ਵਾਪਾਰ ਕਰਹੁ ਵਾਪਾਰੀ
ਅਗਨਤ ਸਾਹ ਅਪਨੀ ਦੇ ਰਾਸੁ

**ਜੀਵ-ਜੰਤੂਆਂ ਨਾਲ ਸੰਬੰਧਿਤ ਪ੍ਰਤੀਕ :-** ਗਰਬਧ ਪ੍ਰੀਤਿ ਭਸਮ ਸੰਗਿ ਹੋਇ।
ਅੰਤਕ ਬਿਆਪੈ ਲੋਭੁ ਸੁਆਨ।
ਸੰਤਨ ਕੈ ਦੂਖਨਿ ਕਾਗਿ ਜਿਉ ਲਵੈ।

ਨੀਕੀ ਕੀਰੀ ਮਹਿ ਕਲਿ ਰਾਖੈ।

**ਵਿਕ੍ਰਿਤ ਸਰੀਰ ਦੇ ਪ੍ਰਤੀਕ :-** ਸੁਨਿ ਅੰਧਾ ਕੈਸੇ ਮਾਰਗ ਪਾਵੈ।

ਕਹਾ ਬੁਝਾਰਤ ਬੂਝੈ ਡੋਰਾ।

ਕਹ ਪਿੰਗਲ ਪਰਬਤ ਪਰ ਭਵਨ।

**ਕੁਦਰਤ ਨਾਲ ਸੰਬੰਧਿਤ ਪ੍ਰਤੀਕ :**

(a) ਬ੍ਰਹਮਗਿਆਨੀ ਸਦਾ ਨਿਰਲੇਪ।
ਜੈਸੇ ਜਲ ਮਹਿ ਕਮਲ ਅਲੇਪ।

(b) ਜਿਉ ਬੁਆੜ ਤਿਲ ਖੇਤ ਮਾਹਿ ਅਕੇਲਾ।

(c) ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ।

(d) ਬਿਰਖ ਕੀ ਛਾਇਆ ਸਿਉ ਰੰਗ ਲਾਵੈ।

**ਰਲੇ ਮਿਲੇ ਪ੍ਰਤੀਕ:**

ਬਟਾਊ ਸਿਉ ਜੋ ਲਾਵੈ ਨੇਹ।

ਸੁਧ ਕਹਾ ਹੋਇ ਕਾਚੀ ਭੀਤੁ।

ਅੰਧ ਕੂਪ ਮਹਿ ਪਤਿਤ ਬਿਰਕਾਲ।

ਬਲੂਆ ਕੇ ਗ੍ਰਿਹ ਭੀਤਰ ਬਸੈ।

ਸਗਲ ਪ੍ਰੋਈ ਆਪੁਨੇ ਸੂਤਿ।

ਇਸ ਤਰ੍ਹਾਂ ਸੁਖਮਨੀ ਦੇ ਪ੍ਰਤੀਕ ਮੌਲਿਕ ਹਨ, ਪਰੰਪਰਾ ਨਹੀਂ। ਇਨ੍ਹਾਂ ਦਾ ਖੇਤਰ ਵੀ ਬੜਾ ਵਿਸ਼ਾਲ ਹੈ। ਇਹ ਪ੍ਰਤੀਕ ਗੁਰੂ ਜੀ ਨੇ ਜੀਵਨ ਦੇ ਵੱਖ-ਵੱਖ ਅਨੁਭਵ ਖੇਤਰਾਂ ਵਿਚੋਂ ਚੁਣੇ ਹਨ।

**ਸੁਖਮਨੀ ਦੀ ਬਿੰਬਾਵਲੀ :** ਨਿਬੰਧ-ਕਾਵਿ ਵਿਚ ਬਿੰਬ-ਵਿਧਾਨ ਇਕ ਨਿਸ਼ਚਤ ਪੈਟਰਨ ਅਨੁਸਾਰ ਹੁੰਦਾ ਹੈ। ਗੁਰੂ ਜੀ ਦਵਾਰਾ ਵਰਤੀ ਗਈ ਬਿੰਬਾਵਲੀ ਪੂਰੀ ਤਰ੍ਹਾਂ ਮੌਲਿਕ ਹੈ। ਪਹਿਲਾਂ ਵਰਤੇ ਗਏ ਬਿੰਬਾਂ ਨਾਲੋਂ ਸੁਖਮਨੀ ਦੇ ਬਿੰਬ ਵੱਖਰੇ ਪ੍ਰਕਾਰ ਦੇ ਹਨ। ਡਾ. ਸੁਰਜੀਤ ਸਿੰਘ ਦੇ ਸ਼ਬਦਾਂ ਵਿਚ, " ਸੁਖਮਨੀ ਦੇ ਬਿੰਬ ਵਿਧਾਨ ਤੋਂ ਪਤਾ ਲੱਗਦਾ ਹੈ ਕਿ ਇਸ ਬਾਣੀ ਵਿਚ ਦ੍ਰਿਸ਼

ਜਾਂ ਰੂਪ, ਸ੍ਰਵਨ ਜਾਂ ਨਾਦ, ਸੁਆਦ ਜਾਂ ਰਸ, ਸਿਮ੍ਰਿਤੀ ਅਤੇ ਕਲਪਨਾ, ਪੰਜ ਪ੍ਰਕਾਰ ਦੇ ਬਿੰਬ ਵਰਤੇ ਹਨ। ਸਭ ਤੋਂ ਬਹੁਤੀ ਮਾਤਰਾ ਵਿਚ ਦ੍ਰਿਸ਼ ਬਿੰਬ ਦਾ ਹੀ ਪ੍ਰਯੋਗ ਹੋਇਆ ਹੈ।"

(ਗੁਰੂ ਨਾਨਕ ਪ੍ਰਕਾਸ਼ ਪਤ੍ਰਿਕਾ)

**ਦ੍ਰਿਸ਼ ਬਿੰਬ:** ਸੰਤ ਕਾ ਦੋਖੀ ਛੁਟੈ ਇਕੇਲਾ।

ਜਿਉ ਬੁਆੜੁ ਤਿਲੁ ਖੇਤ ਮਾਹਿ ਅਕੇਲਾ॥

**ਭਾਵ ਬਿੰਬ :** ਜਹ ਨਿਰਮਲ ਪੁਰਖ ਪੁਰਖ ਪਤਿ ਹੋਤਾ।

ਤਹ ਬਿਨ ਮੈਲ ਕਹਹੁ ਕਿਆ ਧੋਤਾ।

**ਸਪਰਸ਼ ਬਿੰਬ:** ਜਿਸ ਪ੍ਰਸਾਦਿ ਪਾਟ ਪਟੰਬਰ ਹੰਢਾਵਹਿ

ਤਿਸਹਿ ਤਿਆਗ ਕਰ ਅਵਰ ਲੁਭਾਵਹਿ

**ਨਾਦ ਬਿੰਬ:** ਪ੍ਰਭ ਕੋ ਸਿਮਰਨ ਅਨਹਦ ਝਨਕਾਰ

ਸੁਖੁ ਪ੍ਰਭ ਸਿਮਰਨ ਕਾ ਅੰਤ ਕਾ ਪਾਰ

**ਗੰਧ ਬਿੰਬ:** ਗੰਧ ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ

ਤਿਸ ਕਉ ਸਿਮਰਤ ਪਰਮਗਤਿ ਪਾਵਹਿ

**ਸੁਖਮਨੀ ਵਿਚ ਅਲੰਕਾਰ :** ਸੁਖਮਨੀ ਦੀ ਬਾਣੀ ਅਲੰਕਾਰਮਈ ਹੈ। ਇਸ ਵਿਚ ਕਈ ਤਰ੍ਹਾਂ ਦੇ ਅਲੰਕਾਰ ਜਿਵੇਂ ਉਪਮਾ, ਅਨੁਪ੍ਰਾਸ, ਪ੍ਰਨਰੁਕਤੀ ਰੂਪਕ ਤੇ ਦ੍ਰਿਸ਼ਟਾਂਤ ਵਰਤੇ ਗਏ ਹਨ।

(1) ਦ੍ਰਿਸ਼ਟਾਂਤ ਅਲੰਕਾਰ : ਜਿਉ ਪਾਖਾਣ ਨਾਵ ਚੜ ਤਰੈ।

ਪ੍ਰਾਣੀ ਗੁਰਚਰਣ ਲਗਿ ਨਿਸਤਰੈ।

(2) ਉਪਮਾ : ਸੰਤ ਕਾ ਦੋਖੀ ਅੰਤਕ ਤੇ ਥੋਥਾ।

ਜਿਉ ਸਾਸ ਬਿਨਾ ਮਿਰਤਕ ਕੀ ਲੋਥਾ।

(3) ਵੀਪਸਾ : ਭਲਾ ਭਲਾ ਭਲਾ ਤੇਰਾ ਰੂਪ॥

---------------

ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥

- -------------------

ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥

(4) ਰੂਪਕ : ਅਨਿਕ ਭਗਤ ਬੰਦਨ ਨਿਤ ਕਰਹਿ॥

ਚਰਨ ਕਮਲ ਹਿਰਦੇ ਸਿਮਰਹਿ॥

(5) ਪੁਨਰੁਕਤੀ : ਪ੍ਰਭ ਕੈ ਸਿਮਰਨ ਕਾਰਜ ਪੂਰੈ॥

ਪ੍ਰਭ ਕੈ ਸਿਮਰਨ ਕਬਹੁ ਨਾ ਝੂਰੈ॥

ਪ੍ਰਭ ਕੈ ਸਿਮਰਨ ਹਰਿਗੁਨ ਬਾਨੀ॥

ਪ੍ਰਭ ਕੈ ਸਿਮਰਨ ਸਹਜਿ ਸਮਾਨੀ॥

ਦੂਹਰਾ ਅਨੁਪ੍ਰਾਸ ਵਰਤੋਂ ਇਸ ਦੀ ਰਾਹੀਂ ਰਚਨਾ ਵਿਚ ਸੰਗੀਤ ਪੈਦਾ ਕੀਤਾ ਗਿਆ ਹੈ।

ਸੰਤ ਕਾ ਨਿੰਦਕੁ ਮਹਾ ਹਤਿਆਰਾ।

ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ।

**ਸੁਖਮਨੀ ਵਿਚ ਰਸ-ਪ੍ਰਬੰਧ :** ਸੁਖਵਿੰਦਰ ਕੌਰ ਦੇ ਸ਼ਬਦਾਂ ਵਿਚ ਸੁਖਮਨੀ ਵਿਚ 9 ਰਸਾਂ ਦਾ ਹੀ ਪ੍ਰਯੋਗ ਪ੍ਰਾਪਤ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਸਾਰੇ ਰਸਾਂ ਦਾ ਪ੍ਰਯੋਗ ਕਰਕੇ ਆਪਣੀ ਕਲਾ ਦੀ ਪ੍ਰਬੀਨਤਾ ਵਿਖਾਈ ਹੈ।ਕੇਵਲ ਇਥੇ ਹੀ ਬਸ ਨਹੀਂ , ਆਪਣੇ ਇਨ੍ਹਾਂ ਸਭ ਰਸਾਂ ਦਾ ਸਵਾਦ ਮਾਨਣ ਲਈ ਇਕ ਹੋਰ ਮੁਣਕਾ 'ਹਰਿ ਰਸ' ਦਾ ਵੀ ਜੋੜ ਦਿੱਤਾ ਹੈ ਜਿਸ ਦੀ ਪ੍ਰਾਪਤੀ ਲਈ ਮਨੁੱਖ ਭਟਕਦਾ ਰਹਿੰਦਾ ਹੈ।

(ਸੁਖਮਨੀ ਦਾ ਆਲੋਚਨਾਮਕ ਅਧਿਐਨ)

ਪੰਨਾ - 115

ਮੁੱਖ ਤੌਰ ਤੇ ਇਸ ਰਚਨਾ ਵਿਚ ਸ਼ਾਂਤ ਰਸ ਪ੍ਰਧਾਨ ਹੈ। ਪਰ ਇਹ ਰੋਜ਼ਾਨਾ ਸੰਗੀਤਕ ਹੈ ਸੋ ਇਸ ਵਿਚ ਸਾਰੇ ਦੇ ਸਾਰੇ 9 ਰਸਾਂ ਦਾ ਸੁੰਦਰ ਸੁਮੇਲ ਹੈ।

(a) ਸ਼ਿੰਗਾਰ ਰਸ : ਗੁਰੂ ਜੀ ਨੇ ਪ੍ਰਭੂ ਮਿਲਾਪ ਦੀ ਆਨੰਦਮਈ ਅਵਸਥਾ ਨੂੰ ਚਿਤ੍ਰਿਆ ਹੈ।

(ੳ) ਸਰਨਿ ਜੋਗੁ ਸੁਨਿ ਸਰਨੀ ਆਏ।

ਕਰਿ ਕਿਰਪਾ ਪ੍ਰਭ ਆਪ ਮਿਲਾਏ॥੪॥੨੪॥

(ਅ) ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ।

ਸੋ ਪ੍ਰਭ ਸਿਮਰਹੁ ਸਦਾ ਅਨੂਪ॥੫॥੯॥

**ਵਿਯੋਗ ਰਸ:** ਗੁਰੂ ਜੀ ਨੇ ਪ੍ਰਭੂ ਜੀ ਦੇ ਵਿਯੋਗ ਵਿਚ ਜੀਵਾਤਮਾ ਦੀ ਤੜਫ ਨੂੰ ਚਿਤਰਿਆ ਹੈ।

ਜਿਸੁ ਭਾਵੈ ਤਿਸੁ ਲਏ ਮਿਲਾਏ।

ਭਗਤਿ ਕਰਿਹ ਹਰਿ ਕੇ ਗੁਣ ਗਾਇ॥੩॥੨੨॥

**ਬੀਰ ਰਸ :** (1) ਨਿਰਭਉ ਜਪੈ ਸਗਲ ਭਉ ਮਿਟੈ ॥੭॥ ੨੨॥

(2) ਜਿਸ ਪ੍ਰਭ ਅਪੁਨਾ ਕਿਰਪਾ ਕਰੈ॥

ਸੋ ਸੇਵਕ ਕਹੁ ਕਿਸ ਤੇ ਡਰੈ ॥੫॥੧੪॥

**ਭੈ-ਭੀਤਕ ਰਸ :** ਗੁਰੂ ਜੀ ਨੇ ਭਗਤਾਂ ਵਿਚ ਬੀਰਤਾ ਨੂੰ ਚਮਕਾਉਣ ਲਈ ਬੇਮੁਖਾਂ ਦੀ ਭੈ-ਭੀਤਕ ਦਸ਼ਾ ਦਾ ਵਰਨਣ ਕੀਤਾ ਹੈ।

(ੳ) ਅੰਧ ਕੂਪ ਕਹਿ ਪਤਿਤ ਬਿਕਰਾਲ॥

ਨਾਨਕ ਕਾਢਿ ਲੇਹੁ ਪ੍ਰਭ ਦਇਆਲ॥

(ਅ) ਜਹ ਮਹਾ ਭਇਆਨ ਦੂਤ ਜਮ ਦਲੈ ॥

ਤਹ ਕੇਵਲ ਨਾਮ ਸੰਗਿ ਤੇਰੈ ਚਲੈ॥੧॥੨॥

ਰੋਦ੍ਰ ਰਸ: ਸੰਤ ਦੇ ਨਿੰਦਕਾਂ ਬਾਰੇ ਉਨ੍ਹਾਂ ਬੜੇ ਰੌਦਰ ਵਿਚ ਆ ਕੇ ਲਿਖਿਆ ਹੈ।

(ੳ) ਸੰਤ ਕਾ ਨਿੰਦੁਕ ਮਹਾ ਅਤਤਾਈ ।

ਸੰਤ ਕਾ ਨਿੰਦੁਕ ਖਿਨ ਟਿਕਨ ਨ ਪਾਈ ॥੩॥੧੩॥

(ਅ) ਸੰਤ ਕਾ ਨਿੰਦੁਕ ਮਹਾ ਹਤਿਆਰਾ ।

ਸੰਤ ਕਾ ਨਿੰਦੁਕ ਪਰਮੇਸੁਰਿ ਮਾਰਾ।੩॥ ੧੩॥

**ਕਰੁਣਾ ਰਸ :** ਸੰਤ ਦੇ ਨਿੰਦਕ ਦੀ ਕਰੁਣਾਮਈ ਹਾਲਤ ਬਾਰੇ ਲਿਖਦੇ ਹਨ:

ਸੰਤ ਕਾ ਦੋਖੀ ਇਉਂ ਬਿਲਲਾਇ॥

ਜਿਉ ਜਲ ਬਿਹਨੁ ਮਛੁਲੀ ਤੜਫੜਾਇ।

ਸੰਤ ਕਾ ਦੋਖੀ ਭੂਖਾ ਨਹੀਂ ਰਾਜੈ।

ਜਿਉ ਪਾਵਕੁ ਈਧਨਿ ਨਹੀਂ ਧ੍ਰਾਪੈ।

ਸੰਤ ਕਾ ਦੋਖੀ ਛੁਟੈ ਇਕੇਲਾ।

ਜਿਉ ਬੂਆੜੁ ਤਿਲੁ ਖੇਤ ਮਾਹਿ ਅਕੇਲਾ।

**ਅਦਭੁਤ ਰਸ:** ਗੁਰੂ ਜੀ ਪਾਰਬ੍ਰਹਮ ਦੀ ਬੇਅੰਤਤਾ ਨੂੰ ਵਿਸਮਾਦ ਵਿਚ ਆ ਕੇ ਬਿਆਨ ਕਰਦੇ ਹਨ:

(ੳ) ਬਿਸਮਨ ਬਿਸਮ ਭਏ ਬਿਸਮਾਦ ।

ਜਿਨਿ ਬੂਝਿਆ ਤਿਸੁ ਆਇਆ ਸਵਾਦ ॥੮॥੧੯॥

(ਅ) ਹਰਨ ਭਰਨ ਜਾ ਕਾ ਨੇਤ੍ਰ ਫੋਰ।

ਤਿਸ ਕਾ ਮੰਤ੍ਰ ਨ ਜਾਨੈ ਹੋਰੁ ।੨॥੧੯॥

(ੲ) ਧਿਆਇ-ਧਿਆਇ ਭਗਤਹੁ ਸੁੱਖੁ ਪਾਇਆ।

ਨਾਨਕ ਤਿਸ ਪੁਰਖ ਕਾ ਕਿਨੈ ਅੰਤੁ ਨਾ ਪਾਇਆ॥੨॥ ॥੧੯॥

**ਹਾਸ ਰਸ:** ਜਿਥੇ ਗੁਰੂ ਜੀ ਨੇ ਪਰਮਾਰਥ ਦੀਆਂ ਗੱਲਾਂ ਨੂੰ ਬਿਆਨਿਆ ਹੈ ਉਥੇ ਹਾਸ ਰਸ ਦੇ ਤੁਣਕੇ ਮਾਰ-ਮਾਰ ਕੇ ਉਨ੍ਹਾਂ ਨੂੰ ਸਰਲ ਬਣਾ ਕੇ ਪੇਸ਼ ਕੀਤਾ ਹੈ।

(ੳ) ਚੰਦਨ ਲੇਪੁ ਉਤਾਰੈ ਧੋਇ।

ਗਰਧਬ ਪ੍ਰੀਤ ਭਸਮ ਸੰਗਿ ਹੋਇ॥੪॥੪॥

(ਅ) ਕਹਾ ਬੁਝਾਰਤਿ ਬੂਝੈ ਡੋਰਾ।

ਨਿਸਿ ਕਹੀਐ ਤਉ ਸਮਝੈ ਭੋਰਾ ॥੬॥੪॥

**ਬੀਭਤਸ ਰਸ :** ਸੰਤ ਦੀ ਨਿੰਦਕ ਦੀ ਦਸ਼ਾ ਬੜੀ ਘਿਨਾਉਣੀ ਚਿਤਰੀ ਹੈ।

ਸੰਤ ਕੈ ਦੂਖਨਿ ਸਰਪ ਜੋਨਿ ਪਾਇ॥

ਸੰਤ ਕੈ ਦੂਖਨਿ ਤ੍ਰਿਗਦ ਮਹਿ ਜਲੈ ॥

ਸੰਤ ਕੈ ਦੂਖਨਿ ਸਭੁ ਕੋ ਛਲੈ ॥

ਸੰਤ ਕੈ ਦੂਖਨਿ ਤੇਜੁ ਸਭੁ ਜਾਇ॥

ਸੰਤ ਕੈ ਦੂਖਨਿ ਨੀਚੁ ਨੀਚਾਇ॥

ਸੰਤ ਦੋਖੀ ਕਾ ਥਾਉ ਕੋ ਨਾਹਿ॥

**ਸ਼ਾਂਤ ਰਸ :** ਗੁਰੂ ਜੀ ਦੀਆਂ ਅਸ਼ਟਪਦੀਆਂ ਵਿਚ ਸ਼ਾਂਤ ਰਸ ਵੀ ਉੱਭਰ ਕੇ ਆਉਂਦਾ ਹੈ।

(ੳ) ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥

ਕਲਿ ਕਲੇਸ ਤਨ ਮਾਹਿ ਮਿਟਾਵਉ॥
ਸਿਮਰਉ ਜਾਸੁ ਬਿਸੰਭਰ ਏਕੈ ॥
ਨਾਮੁ ਜਪਤ ਅਗਨਤ ਅਨੇਕੈ॥

(ਅ) ਕਲਿ ਤਾਤੀ ਠਾਢਾ ਹਰਿ ਨਾਉ॥
ਸਿਮਰਿ ਸਿਮਰਿ ਸਦਾ ਸੁਖ ਪਾਉ॥੩॥੧੯॥
ਤਪਤਿ ਮਾਹਿ ਠਾਢਿ ਵਰਤਾਈ॥
ਅਨਦੁ ਭਇਆ ਦੁਖ ਨਾਠੇ ਭਾਈ॥੨॥੧੮॥

**ਹਰਿ ਰਸ :**(ੳ) ਇਹੁ ਹਰਿ ਰਸ ਪੀਵੈ ਜਨੁ ਕੋਇ॥
ਅੰਮ੍ਰਿਤ ਪੀਵੈ ਅਗਰੁ ਸੋ ਹੋਇ॥੬॥੧੮॥

(ਅ) ਰਾਮ ਨਾਮ ਸਾਰ ਰਸੁ ਪੀਵੈ॥
ਉਸ ਪੰਡਿਤ ਕੈ ਉਪਦੇਸ਼ ਜਗੁ ਜੀਵੈ॥

ਸੁਖਮਨੀ ਵਿਚਲੇ 9 ਕਾਵਿ ਰਸਾਂ ਤੇ 'ਹਰਿ-ਰਸ' ਵਾਲੀ ਸਾਹਿਤਕ ਨਿਪੁੰਨਤਾ ਅੱਗੋਂ ਵੀ ਸਿਰ ਝੁਕਾਣੇ ਨਹੀਂ ਰਹਿ ਸਕਦਾ।ਅਜੇ ਤੱਕ ਦੁਨੀਆਂ ਵਿਚ ਕੋਈ ਅਜਿਹੀ ਕਾਵਿ-ਰਚਨਾ ਨਹੀਂ ਹੋਈ, ਜਿਹੜੀ ਸੁਖਮਨੀ ਦੇ ਬਰਾਬਰ ਆਤਮਕ ਆਨੰਦ ਅਤੇ ਸਾਹਿਤਕ ਸੁਆਦ ਦੇ ਸਕੇ।

**ਨਿਸ਼ਕਰਸ਼ :**

(1) ਸੁਖਮਨੀ ਸਾਹਿਬ ਇਕ ਅਜਿਹੀ ਰਸ-ਭਰੀ ਨਿਬੰਧ ਕਾਵਿਕ ਰਚਨਾ ਹੈ ਜਿਹੜੀ ਸ਼ੁਰੂ ਤੋਂ ਲੈ ਕੇ ਅੰਤ ਤੱਕ ਬੇਓੜਕ ਤੀਬਰ ਵਲਵਲੇ ਦੇ ਵੇਗ ਅਧੀਨ ਰਚੀ ਗਈ ਹੈ।ਪਰਤੀਤ ਹੁੰਦਾ ਹੈ, ਜਿਵੇਂ ਇਹ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਸਿਕ ਹਿਰਦੇ ਵਿਚੋਂ ਆਪ-ਮੁਹਾਰਾ ਫੁੱਟ ਬਾਹਰ ਆਈ ਹੋਵੇ।

(2) ਇਸ ਰਚਨਾ ਵਿਚਲੇ 'ਸੁੱਖ' ਦੇ ਸੰਕਲਪ ਅਤੇ ਉਸਦੇ ਪ੍ਰਾਪਤੀ ਦੇ ਸਾਧਨਾਂ ਦੀ ਵਿਆਖਿਆ ਦਾ ਵਿਸ਼ਾ ਜਨ-ਕਲਿਆਣ ਹੈ।

(3) ਇਹ ਰਚਨਾ ਸਾਹਿਤਕ ਗੁਣਾਂ ਨਾਲ ਭਰਪੂਰ, ਰਚੀ-ਮਿੱਸੀ ਮਿੱਠੀ ਬੋਲੀ ਜੋ ਪੰਜਾਬੀ ਦੇ ਤੇ ਹਿੰਦੀ ਦੇ ਵਧੇਰੇ ਨੇੜੇ ਹੈ, ਨਾਲ ਭਰਪੂਰ ਹੈ।

(4) ਇਸਦੀ ਸ਼ੈਲੀ ਵਿਆਖਿਆਤਮਕ ਹੈ, ਸੂਤਰਮਈ ਨਹੀਂ।

(5) ਇਸ ਵਿਚ ਕਾਵਿ ਸੌਂਦਰਯ ਹੈ, ਮਿਠਾਸ ਹੈ, ਸ਼ੀਤਲਤਾ ਹੈ, ਸੰਗੀਤ ਹੈ, ਰਾਗ ਹੈ।

(6) ਇਸ ਵਿਚ ਬੜੇ ਸੁੰਦਰ ਤੇ ਘਰੋਗੀ ਅਲੰਕਾਰ (ਰੂਪਕ, ਉਪਮਾ, ਪੁਨਰੁਕਤੀ, ਵੀਪਸ, ਅਨੁਪ੍ਰਾਸ) ਆਪ ਮੁਹਾਰੇ ਆ ਜਾਂਦੇ ਹਨ।

(7) ਸੱਚ ਤਾਂ ਇਹ ਹੈ ਕਿ ਗੁਰੂ ਜੀ ਦੇ ਖਿੱਚੇ ਹੋਏ ਸ਼ਬਦ-ਚਿੱਤਰਾਂ ਦਾ ਹਰੇਕ ਪਾਠਕ ਦੇ ਮਨ ਤੇ ਪ੍ਰਭਾਵ ਪੈ ਜਾਂਦਾ ਹੈ। ਇਨ੍ਹਾਂ ਪ੍ਰਭਾਵ ਕਈ ਹਜ਼ਾਰ ਸਫਿਆਂ ਦੀ ਲਿਖੀ ਪੁਸਤਕ ਨਾਲ ਵੀ ਨਹੀਂ ਪੈ ਸਕਦਾ।

(8) ਆਪ ਦੀ ਰਚਨਾ ਵਿਚ ਸਮਾਸਾਂ, ਅਖਾਉਤਾਂ ਅਤੇ ਅਟਲ ਸਚਾਈਆਂ ਦਾ ਭੰਡਾਰ ਭਰਿਆ ਪਿਆ ਹੈ।

(9) ਆਪਨੇ ਕਾਵਿ ਦੇ ਨੌ ਰਸਾਂ ਦਾ ਸਫਲਤਾਪੂਰਵਕ ਪ੍ਰਯੋਗ ਕੀਤਾ ਹੈ ਤੇ ਨਾਲ ਹੀ ਨਾਲ 'ਹਰਿ-ਰਸ' ਨਾਂ ਦੀ ਨਵਾਂ ਭੇਦ ਕਾਵਿ ਜਗਤ ਨੂੰ ਦਿੱਤਾ ਹੈ।

(10) ਆਪਦੀ ਰਚਨਾ ਵਿਚ ਸ਼ਬਦਾਂ ਦੁਹਰਾਓ ਹੈ ਤੇ ਛੰਦ ਪ੍ਰਬੰਧ ਬੜਾ ਹੀ ਉੱਤਮ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਇਹ ਰਚਨਾ ਵਿਸ਼ੇ-ਸਾਮਗਰੀ ਪੱਖੋਂ, ਵਿਚਾਰ-ਉੱਚਤਾ ਪੱਖੋਂ, ਸਰੋਦੀ ਅੰਸ਼, ਸਰਲਤਾ, ਸਪੱਸ਼ਟਤਾ, ਪ੍ਰਭਾਵ ਦੀਰਘਤਾ, ਬੋਲੀ ਦੀ ਮਿਠਾਸ ਤੇ ਕਾਵਿ ਕੋਸ਼ਲਤਾ ਪੱਖੋਂ ਕਾਵਿ ਸਾਹਿਤ ਦੀ ਇਕ ਉਤਕ੍ਰਿਸ਼ਟ ਵਨੰਗੀ ਹੈ, ਜਿਸ ਦੀ ਸੁੰਦਰ ਤੇ ਕੁਸ਼ਲ ਰਚਨਾ-ਜੁਗਤ ਅੱਜ ਵੀ ਵਿਸ਼ਵ ਦੇ ਸਾਰੇ ਸਾਹਿਤ ਅੱਗੇ ਇਕ ਮਿਸਾਲ ਹੈ।